Washington Apple Health

# Apple Health (Medicaid) premiums (ਐਪਲ ਹੈਲਥ (ਮੈਡੀਕੇਡ) ਪਰ੍ਹੀਮੀਅਮ)

- Apple Health ਪਰੋਗਰਾਮ ਜਿਨਹ੍ਹਾਂ ਵਾਸਤੇ ਪਰ੍ਹੀਮੀਅਮ ਭੁਗਤਾਨ ਦੀ ਲੋੜ ਹੁੰਦੀ ਹੈ, ਉਸ ਵਿੱਚ ਸ਼ਾਮਲ ਹਨ:
- ਬੱਚਿਆ ਲਈ Apple Health ਦੇ ਨਾਲ ਪਰ੍ਹੀਮੀਅਮ (ਜਿਸ ਨੂੰ CHIP ਵੀ ਕਿਹਾ ਜਾਂਦਾ ਹੈ)
- ਅਪੰਗਤਾਵਾਂ ਵਾਲੇ ਵਰਕਰਾਂ ਲਈ Apple Health (HWD)

ਜਦੋਂ ਤੁਹਾਨੂੰ ਕਿਸੀ Apple Health ਪਰੋਗਰਾਮ ਲਈ ਮਨਜ਼ੂਰੀ ਦਿੱਤੀ ਜਾਂਦੀ ਹੈ ਜਿਸ ਲਈ ਪਰ੍ਹੀਮੀਅਮ ਭੁਗਤਾਨ ਦੀ ਲੋੜ ਹੁੰਦੀ ਹੈ, ਤਾਂ ਫ਼ਾਇਨਾਂਸ ਸਬੰਧੀ ਵਸੂਲੀ ਬਾਰੇ ਦਫ਼ਤਰ (OFR), ਇੱਕ ਮਹੀਨਾਵਾਰ ਸਟੇਟਮੈਂਟ ਮੇਲ ਕਰੇਗਾ ਜੋ ਪਰ੍ਹੀਮੀਅਮ ਦੀ ਰਕਮ ਅਤੇ ਭੁਗਤਾਨ ਕਰਨ ਦੇ ਤਰੀਕੇ ਬਾਰੇ ਜਾਣਕਾਰੀ ਪਰ੍ਦਾਨ ਕਰਦੀ ਹੈ।

## ਮੈਂ ਆਪਣੇ Apple Health ਪਰ੍ਹੀਮੀਅਮ ਦਾ ਔਨਲਾਈਨ ਭੁਗਤਾਨ ਕਿਵੇਂ ਕਰਾਂ?

ਪਰ੍ਹੀਮੀਅਮ ਦਾ ਭੁਗਤਾਨ **Secure Access Washington (SAW)** 'ਤੇ ਔਨਲਾਈਨ ਜਾਂ ਮੇਲ ਰਾਹੀ ਕੀਤਾ ਜਾ ਸਕਦਾ ਹੈ। ਇਸ ਸਮੇਂ ਫੋਨ 'ਤੇ ਭੁਗਤਾਨ ਕਰਨ ਦਾ ਕੋਈ ਵੀ ਵਿਕਲਪ ਨਹੀ ਹੈ।

ਔਨਲਾਈਨ ਭੁਗਤਾਨ ਕਰਨ ਤੋਂ ਪਹਿਲਾਂ, ਇੱਕ SAW **ਯੂਜ਼ਰ ਖਾਤਾ ਬਣਾਇਆ ਜਾਣਾ ਜ਼ਰੂਰੀ ਹੈ** ਅਤੇ DSHS ਲਈ ਭੁਗਤਾਨ ਸੇਵਾਵਾਂ ਤੁਹਾਡੀ ਸੇਵਾਵਾਂ ਦੀ ਸੂਚੀ ਵਿੱਚ ਸ਼ਾਮਲ ਕੀਤੀ ਜਾਣੀ ਜ਼ਰੂਰੀ ਹੈ।

**ਚਰਣ ਇੱਕ: ਆਪਣੇ SAW ਖਾਤੇ ਵਿੱਚ ਸਾਈਨ ਇਨ ਕਰਨ ਤੋਂ ਬਾਅਦ, ਐਡ ਏ ਨਿਯੂ ਸਰਵਿਸ ਦੀ ਚੋਣ ਕਰੋ।**

**ਚਰਣ ਦੋ: ਚੁਣੋ ਕਿ ਮੈਂ ਨਾਂ ਦੁਆਰਾ ਸੇਵਾਵਾਂ ਦੀ ਸੂਚੀ ਬਰ੍ਹਾਉਜ਼ ਕਰਨਾ ਚਾਹੁੰਦਾ ਹਾਂ।**

**ਚਰਣ ਤਿੰਨ: ਪੇਮੇਂਟ ਸਰਵਿਸ ਟੈਬ ਦੇ ਹੇਠਾਂ ਸੱਜੇ ਪਾਸੇ ਅਪਲਾਈ ਨੂੰ ਚੁਣੋ।**

**ਚਰਣ ਚਾਰ: ਮੈਡੀਕਲ ਪਰ੍ਹੀਮੀਅਮ ਪੇਮੇਂਟ ਸੈਕਸ਼ਨ ਦੇ ਅਧੀਨ ਵਿਕਲਪ ਨੂੰ ਚੁਣੋ।**

**ਮੈਡੀਕਲ ਪਰ੍ਹੀਮੀਅਮ ਪੇਮੇਂਟ ਸੈਕਸ਼ਨ ਵਿੱਚ, ਤੁਸੀ ਭੁਗਤਾਨ ਜਮਹ੍ਹਾਂ ਕਰ ਸਕਦੇ ਹੋ, ਅਲਰਟ ਸੈਟ ਕਰ ਸਕਦੇ ਹੋ ਅਤੇ ਬੈਂਕਿੰਗ/ਸੰਪਰਕ ਜਾਣਕਾਰੀ ਨੂੰ ਅਪਡੇਟ ਕਰ ਸਕਦੇ ਹੋ।**

## ਮੈਂ SAW ਖਾਤਿਆਂ ਵਿੱਚ ਮਦਦ ਕਿਵੇਂ ਪਰ੍ਹਾਪਤ ਕਰ ਸਕਦਾ/ਸਕਦੀ ਹਾਂ?

- ਆਪਣੇ SAW ਯੂਜ਼ਰ ਖਾਤੇ ਨੂੰ ਸਥਾਪਤ ਕਰਨ ਵਿੱਚ ਸਹਾਇਤਾ ਲਈ, 1-855-928-3241 'ਤੇ ਕਾੱਲ ਕਰਕੇ SAW ਨਾਲ ਸੰਪਰਕ ਕਰੋ
- SAW ਵਿੱਚ ਆਪਣਾ ਭੁਗਤਾਨ ਖਾਤਾ ਸਥਾਪਤ ਕਰਨ ਵਿੱਚ ਸਹਾਇਤਾ ਲਈ, 1-800-562-6114, ਵਿਕਲਪ 1 'ਤੇ ਫ਼ਾਇਨਾਂਸ ਸਬੰਧੀ ਵਸੂਲੀ ਬਾਰੇ ਦਫ਼ਤਰ ਨਾਲ ਸੰਪਰਕ ਕਰੋ। ਜਦੋਂ ਤੁਸੀ ਕਾੱਲ ਕਰੋ ਤਾਂ ਆਪਣੀ ਸਟੇਟਮੈਂਟ ਤਿਆਰ ਰੱਖੋ।

## ਕੀ ਔਨਲਾਈਨ ਭੁਗਤਾਨ ਹੀ ਮੇਰਾ ਇੱਕੋ ਇੱਕ ਵਿਕਲਪ ਹੈ?

- ਆਪਣੇ ਭੁਗਤਾਨ ਨੂੰ ਮੇਲ ਰਾਹੀ ਭੇਜਣ ਲਈ, ਆਪਣੇ ਭੁਗਤਾਨ ਦੇ ਨਾਲ ਨਾਂ, ਜਨਮ ਮਿਤੀ, ਅਤੇ ਕਲਾਇੰਟ ਆਈਡੀ ਨੰਬਰ ਸ਼ਾਮਲ ਕਰਨਾ ਯਕੀਨੀ ਬਣਾਓ।

ਆਪਣੇ ਭੁਗਤਾਨ ਇਸ ਨੂੰ ਭੇਜੋ:

DSHS Office of Financial Recovery
PO Box 9501
Olympia, WA 98507-9501

## ਜੇਕਰ ਮੈਂ ਪਰ੍ਹੀਮੀਅਮ ਦਾ ਭੁਗਤਾਨ ਖੁੰਝਾ ਦਿੰਦਾ ਹਾਂ ਤਾਂ ਕੀ ਹੁੰਦਾ ਹੈ?

ਪਰ੍ਹੀਮੀਅਮਾਂ ਦਾ ਭੁਗਤਾਨ ਨਾ ਕਰਨ 'ਤੇ ਕਵਰੇਜ ਨੂੰ ਬੰਦ ਕੀਤਾ ਜਾ ਸਕਦਾ ਹੈ:

- ਬੱਚਿਆਂ ਲਈ Apple Health ਦੇ ਨਾਲ ਪਰ੍ਹੀਮੀਅਮ(CHIP) ਵਾਸਤੇ 90 ਦਿਨ
- ਅਪੰਗਤਾਵਾਂ ਵਾਲੇ ਵਰਕਰਾਂ ਲਈ Apple Health (HWD) ਵਾਸਤੇ 120 ਦਿਨ

*ਜੇਕਰ ਤੁਹਾਡਾ ਕੇਸ ਗੈਰ-ਭੁਗਤਾਨ ਦੇ ਕਾਰਨ ਬੰਦ ਹੋ ਜਾਂਦਾ ਹੈ, ਤਾਂ ਤੁਹਾਨੂੰ ਇੱਕ ਸਾਲ ਤੱਕ ਜਾਂ ਬਕਾਇਆ ਰਕਮ ਦਾ ਪੂਰਾ ਭੁਗਤਾਨ ਹੋਣ ਤੱਕ ਸਟੇਟਮੈਂਟਾਂ ਪਰ੍ਹਾਪਤ ਹੋਣਗੀਆਂ।

## ਜੇਕਰ ਮੇਰੇ ਬੱਚੇ ਕੋਲ CHIP ਹੈ ਅਤੇ ਮੇਰੀ ਆਮਦਨ ਘਟ ਗਈ ਹੈ ਤਾਂ ਮੈਂ ਕੀ ਕਰਾਂ?

ਜੇਕਰ ਤੁਹਾਡੀ ਆਮਦਨ ਬਦਲ ਗਈ ਹੈ ਅਤੇ ਤੁਹਾਨੂੰ ਲੱਗਦਾ ਹੈ ਕਿ ਤੁਹਾਡਾ ਬੱਚਾ, ਬੱਚਿਆਂ ਲਈ ਮੁਫ਼ਤ Apple Health ਵਾਸਤੇ ਯੋਗ ਹੈ, ਤਾਂ ਤੁਸੀ **Washington Healthplanfinder** ਵਿੱਚ ਇਸ ਤਬਦੀਲੀ ਦੀ ਰਿਪੋਰਟ ਕਰ ਸਕਦੇ ਹੋ।

ਬੱਚਿਆਂ ਲਈ Apple Health ਦੇ ਨਾਲ ਪਰ੍ਹੀਮੀਅਮ ਬਾਰੇ ਹੋਰ ਜਾਣਕਾਰੀ ਲਈ **hca.wa.gov/apple-health-children** 'ਤੇ ਜਾਓ।

## ਜੇਕਰ ਮੇਰੇ ਕੋਲ HWD ਕਵਰੇਜ ਹੈ ਅਤੇ ਮੈਂ ਕੰਮ ਕਰਨਾ ਬੰਦ ਕਰ ਦਿੱਤਾ ਹੈ ਤਾਂ ਮੈਂ ਕੀ ਕਰਾਂ?

ਜੇਕਰ ਤੁਹਾਡੇ ਕੋਲ HWD ਹੈ ਅਤੇ ਤੁਸੀਂ ਕੰਮ ਕਰਨਾ ਬੰਦ ਕਰ ਦਿੱਤਾ ਹੈ, ਤਾਂ ਮਨੋਨੀਤ ਸਟਾਫ ਨੂੰ ਮੈਸੇਜ ਦੇਣ ਲਈ 1-800-871-9275 'ਤੇ ਕਾੱਲ ਕਰੋ। ਉਹ ਤੁਹਾਡੇ ਨਾਲ ਸਿੱਧਾ ਸੰਪਰਕ ਕਰਨਗੇ ਅਤੇ ਰੋਜ਼ਾਨਾ ਤੌਰ 'ਤੇ ਆਪਣੀ ਡਾਇਰੈਕਟ ਮੈਸੇਜ ਲਾਈਨ ਦੀ ਜਾਂਚ ਕਰਨਗੇ। HWD ਕਵਰੇਜ ਬਾਰੇ ਹੋਰ ਜਾਣਕਾਰੀ ਲਈ **hca.wa.gov/hwd** 'ਤੇ ਜਾਓ।

## ਮੈਂ ਹੁਣ ਪਰ੍ਹੀਮੀਅਮਾਂ ਦਾ ਭੁਗਤਾਨ ਕਰਨ ਲਈ ਜ਼ਿੰਮੇਵਾਰ ਨਹੀ ਹਾਂ। ਕੀ ਮੈਨੂੰ ਆਪਣੇ SAW ਖਾਤੇ ਨਾਲ ਕੁਝ ਖਾਸ ਕਰਨ ਦੀ ਲੋੜ ਹੈ?

ਜੇਕਰ ਤੁਹਾਨੂੰ ਹੁਣ ਪਰ੍ਹੀਮੀਅਮਾਂ ਦਾ ਭੁਗਤਾਨ ਕਰਨ ਦੀ ਲੋੜ ਨਹੀਂ ਹੈ, ਤਾਂ ਤੁਹਾਨੂੰ ਬਿਲ ਦੇਣਾ ਬੰਦ ਕਰ ਦਿੱਤਾ ਜਾਵੇਗਾ। ਜੇਕਰ ਤੁਸੀ ਸਵੈਚਲਿਤ ਭੁਗਤਾਨਾਂ ਨੂੰ ਨਿਯਤ ਕੀਤਾ ਹੈ, ਤਾਂ ਉਹਨਾਂ ਨੂੰ ਆਪਣੇ SAW ਖਾਤੇ ਅਤੇ/ਜਾਂ ਆਪਣੇ ਬੈਂਕ ਵਿੱਚ ਰੱਦ ਕਰਨਾ ਚੇਤੇ ਰੱਖੋ।

## ਕੀ ਮੈਨੂੰ ਆਪਣਾ ਪਹਿਲਾ ਪਰ੍ਹੀਮੀਅਮ ਬਿੱਲ ਪਰ੍ਹਾਪਤ ਹੋਣ ਤੱਕ ਕਵਰੇਜ ਦੀ ਵਰਤੋਂ ਕਰਨ ਲਈ ਉਡੀਕ ਕਰਨੀ ਪਵੇਗੀ?

ਨਹੀ। ਤੁਹਾਨੂੰ ਆਪਣੇ ਕਵਰੇਜ ਦੀ ਵਰਤੋਂ ਸ਼ੁਰੂ ਕਰਨ ਲਈ ਪਰ੍ਹੀਮੀਅਮ ਬਿੱਲ ਪਰ੍ਹਾਪਤ ਹੋਣ ਤੱਕ ਉਡੀਕ ਕਰਨ ਦੀ ਲੋੜ ਨਹੀ ਹੈ।

## ਮੈਂ ਹੋਰ ਜਾਣਕਾਰੀ ਲਈ ਕਿੱਥੇ ਜਾ ਸਕਦਾ ਹਾਂ?

Apple Health ਪਰ੍ਹੀਮੀਅਮ ਦਾ ਭੁਗਤਾਨ ਕਰਨ ਬਾਰੇ ਹੋਰ ਜਾਣਕਾਰੀ ਲਈ, **hca.wa.gov/pay-ah-premium** 'ਤੇ ਜਾਓ।